ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: 42

ਸੰਗਰਾਂਦ ਪਵਿੱਤਰ ਦਿਨ ਕਿਵੇਂ?

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

ਸਤੰਬਰ ੧੯੯੯	ਸੰਮਤ ਖਾਲਸਾ ੩੦੧	ਤੀਜੀ ਵਾਰ ੨੦,੦੦੦

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ ।

Sri Satguru Jagjit Singh Ji eLibrary NamdhariElibrary@gmail.com

ਸੂਚਨਾ

ਡਾ: ਤੇਜਿੰਦਰ ਸਿੰਘ ਜੀ ਦੀ ਲਿਖੀ ਪੁਸਤਕ ਹਰ ਗੁਰਸਿੱਖ ਦੇ ਪੜ੍ਹਨਯੋਗ ਹੈ। ਇਸ ਦੀ 12ਵੀਂ ਐਡੀਸ਼ਨ ਵਧੀਆ ਕਾਗਜ਼ ਉਤੇ ਮੋਟੇ ਅੱਖਰਾਂ ਵਿਚ ਛਾਪੀ ਗਈ ਹੈ। ਜਿਲਦ ਗੱਤੇ ਵਾਲੀ, ਵਧੀਆ ਸੈੱਟਅੱਪ।
ਭੇਟਾ 40/- ਰੁ: ਰਿਆਇਤੀ ਮੁੱਲ ਡਾਕ ਖਰਚ ਸਮੇਤ = 25/-

2. ਕੇਸ ਕਿਉਂ ? ਇੱਕ ਉੱਤਰ (ਡਾ: ਤੇਜਿੰਦਰ ਸਿੰਘ) = 7/-
3. ਅਬਿਨਾਸ਼ੀ ਲੀਲ੍ਹਾ (ਰੂਹਾਂ ਸੰਬੰਧੀ ਜਾਣਕਾਰੀ) = 7/-
4. ਧਿਆਨ ਮੰਗਦੇ ਵਿਚਾਰ = 4/-
5. ਸਿਮਰਨ ਕਿਦਾਂ ਕਰੀਏ ? = 5/-
6. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/-
7. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਕੁਝ ਸ਼ੁੱਧ ਉਚਾਰਨ ਸੰਕੇਤਾਂ ਸਹਿਤ, ਮੋਟੇ ਅੱਖਰਾਂ 'ਚ = 4/-
8. ਕੁਝ ਸੱਚੀਆਂ ਵਾਰਤਾਵਾਂ ਨੰ: 1, 2, 3, 4 ਹਰ ਇੱਕ ਦੀ ਭੇਟਾ = 2/-
9. ਸੇਈ ਪਿਆਰੇ ਮੇਲਿ = 4/
10. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਮਰਿਯਾਦਾ = 3/-
11. ਨਗਰ ਕੀਰਤਨ ਸਮੇਂ ਜਾਂ ਪ੍ਰਭਾਤ ਫੇਰੀਆਂ ਸਮੇਂ ਪੜ੍ਹੇ ਜਾਣ ਵਾਲੇ ਸ਼ਬਦਾਂ ਦਾ ਗੁਟਕਾ = 1/-

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਭਾ: ਸੁਖਬੀਰ ਸਿੰਘ ਗੁਰਮਤਿ ਪ੍ਰਚਾਰ ਸਭਾ, ਗਲੀ ਨੰ: 8, ਗੁਰਬਖਸ਼ ਕਾਲੋਨੀ, ਪਟਿਆਲਾ-147003 ਨੂੰ ਭੇਟਾ ਭੇਜ ਕੇ ਮੰਗਵਾ ਸਕਦੇ ਹੋ। ਮਨੀਆਰਡਰ ਕੂਪਨ ਤੇ ਨਾਂ ਪਤਾ ਤੇ ਵੇਰਵਾ ਜ਼ਰੂਰ ਲਿਖੋ ਜੀ।

A.S. Computer Graphics, PTA. Ph.: 307348

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸੰਗਰਾਂਦ

ਪਵਿਤ੍ਰ ਦਿਨ-ਕਿਵੇਂ ?

ਸੰਗਰਾਂਦ ਵਾਲੇ ਦਿਨ ਰੇਡੀਓ ਵਾਲੇ 'ਗੁਰਬਾਣੀ ਵੀਚਾਰ' ਪ੍ਰੋਗਰਾਮ ਵਿਚ ਕਦੇ ਪਵਿਤ੍ਰ ਦਿਨ, ਕਦੀ ਸ਼ੁਭ ਦਿਨ ਤਾਂ ਕਹਿੰਦੇ ਰਹਿੰਦੇ ਹਨ, ਜਿਸ ਨੂੰ ਸੁਣ ਕੇ, ਜਾਂ ਵੈਸੇ ਹੀ, ਬਿਨਾਂ ਵਿਚਾਰੇ ਸਾਡੇ ਗੁਰਦੁਆਰਿਆਂ ਦੇ ਬਹੁਤੇ ਪ੍ਰਬੰਧਕ ਗ੍ਰੰਥੀ ਤੇ ਪ੍ਰਚਾਰਕ ਵੀ ਇਸ ਦਿਨ ਨੂੰ ਸ਼ੁਭ ਦਿਨ, ਪਵਿਤਰ ਦਿਨ ਕਹਿਣ ਲਗ ਪਏ ਹਨ। ਜਦ ਕਿ ਸਾਡਾ ਗੁਰੂ, ਗੁਰਬਾਣੀ ਕਿਧਰੇ ਵੀ ਸੰਗਰਾਂਦ ਨੂੰ ਪਵਿਤ੍ਰ ਦਿਨ ਨਹੀਂ ਕਹਿੰਦੀ ।

ਚੰਗੇ ਮੰਦੇ ਦਿਨਾਂ ਦੇ ਵਹਿਮਾਂ, ਤਿਥਾਂ ਵਾਰਾਂ ਅਤੇ ਮਹੂਰਤ ਆਦਿ ਦੇ ਚਕਰਾਂ ਵਿਚੋਂ ਗੁਰੂ ਪਾਤਸ਼ਾਹਾਂ ਨੇ ਕਢਦਿਆਂ ਸਾਨੂੰ ਸਮਝਾਇਆ ਸੀ ਕਿ ਕੋਈ ਦਿਨ ਆਪਣੇ ਆਪ ਵਿੱਚ ਨਾਂਹ ਚੰਗਾ ਹੈ ਨਾਂਹ ਮਾੜਾ।

ਜੇ ਸੰਗਰਾਂਦ ਜਾਂ ਕੋਈ ਹੋਰ ਦਿਨ ਆਪਣੇ ਆਪ ਵਿਚ ਪਵਿਤ੍ਰ ਜਾਂ ਭਾਗਾਂ ਵਾਲਾ ਹੈ ਤਾਂ ਉਹ ਸਭ ਲਈ ਚੰਗਾ ਜਾਂ ਭਾਗਾਂ ਵਾਲਾ ਹੋਣਾ ਚਾਹੀਦਾ ਹੈ, ਨਾਂਹ ਕਿ ਇਕ ਲਈ ਚੰਗਾ ਅਤੇ ਦੂਜੇ ਲਈ ਭੈੜਾ।

ਜਿਸ ਦਿਨ ਨੂੰ ਇਕ ਆਦਮੀ ਚੰਗਾ ਜਾਂ ਭਾਗਾਂ ਵਾਲਾ ਦਿਨ ਸਮਝਦਾ ਹੈ ਉਹੋ ਦਿਨ ਕਿਸੇ ਦੂਜੇ ਲਈ ਦੁਖਦਾਈ ਘਟਨਾ ਦਾ ਕਾਰਨ ਬਣ ਜਾਂਦਾ ਹੈ, ਇਹ ਕਿਉਂ ?

Sri Satguru Jagjit Singh Ji eLibrary NamdhariElibrary@gmail.com

ਜੇ ਉਹ ਦਿਨ, ਜਿਸ ਨੂੰ ਅਸੀਂ ਭਾਗਾਂ ਵਾਲਾ, ਪਵਿਤ੍ਰ ਜਾਂ ਸ਼ੁਭ ਦਿਨ ਮੰਨਦੇ ਅਤੇ ਕਹਿੰਦੇ ਹਾਂ, ਆਪਣੇ ਆਪ ਵਿੱਚ, ਜੇ ਸਹੀ ਅਰਥਾਂ ਵਿੱਚ ਪਵਿਤ੍ਰ ਜਾ ਸ਼ੁਭ ਦਿਨ ਹੁੰਦਾ ਤਾਂ ਉਸ ਦਿਨ, ਜਿਸ ਨਾਲ ਭੈੜੀ ਘਟਨਾ ਵਾਪਰੀ ਹੈ ਜਾਂ ਵਾਪਰਦੀ ਹੈ, ਉਹ ਨਾਂਹ ਵਾਪਰਦੀ। ਪਰ ਇਸ ਤਰ੍ਹਾਂ ਹੁੰਦਾ ਨਹੀਂ।

ਇਸ ਅਟੱਲ ਸਚਾਈ ਦੇ ਹੁੰਦਿਆਂ ਹੋਇਆ ਵੀ ਸਾਡੇ ਵਿਚੋਂ ਬਹੁਤ ਸਾਰੇ ਲੋਕ ਚੰਗੇ-ਮੰਦੇ ਦਿਨਾਂ, ਸ਼ੁਭ-ਅਸ਼ੁਭ ਸਮੇਂ ਦੇ ਚਕਰਾਂ ਵਿੱਚ ਪਏ ਨਾ ਸਮਝੀ ਦਾ ਸ਼ਿਕਾਰ ਹੋ ਰਹੇ ਹਨ।

ਗੁਰੂ ਕੇ ਸਿਖ ਲਈ, ਗੁਰਬਾਣੀ ਅਨੁਸਾਰ ਜੇ ਕੋਈ ਦਿਨ-ਵਾਰ ਜਾਂ ਸਮਾਂ, ਚੰਗਾ ਜਾਂ ਭਲਾ ਹੈ ਤਾਂ ਉਹ ਇਸ ਤਰ੍ਹਾਂ ਹੈ :

1) *ਸੋਈ ਦਿਵਸ ਭਲਾ ਮੇਰੇ ਭਾਈ*
ਹਰਿ ਗੁਨ ਗਾਇ ਪਰਮਗਤਿ ਪਾਈ ॥

2) *ਸਾ ਵੇਲਾ, ਸੋ ਮੂਰਤ, ਸਾ ਘੜੀ*
ਸੋ ਮੁਹਤ ਸਫਲ ਹੈ, ਮੇਰੀ ਜਿੰਦੜੀਏ
ਜਿਤੁ ਹਰਿ ਮੇਰਾ ਚਿਤ ਆਵੈ ਰਾਮ ॥

3) *ਦਿਨ ਰੈਣ ਸਭ ਸੁਹਾਵਣੇ ਪਿਆਰੇ*
ਜਿਤੁ ਜਪੀਐ ਹਰਿ ਨਾਉ ॥

4) *ਮਾਹ ਦਿਵਸ ਮੂਰਤ ਭਲੇ*
ਜਿਸ ਕਉ ਨਦਰ ਕਰੇ ॥

ਇਸ ਦੇ ਉਲਟ ਤਿਥਿ ਵਾਰ ਦਾ ਚੰਗਾ ਜਾ ਮਾੜਾ ਮੰਨਣਾ, ਜਾਂ ਮਹੂਰਤ ਆਦਿ ਦੇ ਵਹਿਮ ਕਰਨਾ, ਜਿਥੇ ਆਪਣੀ ਅਗਿਆਨਤਾ

Sri Satguru Jagjit Singh Ji eLibrary NamdhariElibrary@gmail.com

ਅਤੇ ਨਾ ਸਮਝੀ ਦਾ ਪ੍ਰਗਟਾਵਾ ਕਰਨਾ ਹੈ ਉਥੇ ਗੁਰਮਤਿ ਵਿਰੁਧ ਹੈ ਅਤੇ ਨਿਰੀ ਮਨਮਤ ਹੈ। ਗੁਰੂ ਮਹਾਰਾਜ ਦਾ ਬਿਲਾਵਲ ਰਾਗ ਵਿਚ ਲਿਖੇ ਸ਼ਬਦ ਦੀਆਂ ਹੇਠ ਲਿਖੀਆਂ ਪੰਗਤੀਆਂ ਪੜਨ ਨਾਲ ਕੋਈ ਭਰਮ ਭੁਲੇਖਾ ਬਾਕੀ ਰਹਿੰਦਾ ਹੀ ਨਹੀਂ :–

ਸਤਿਗੁਰੂ ਬਾਝਹੁ ਅੰਧ ਗੁਬਾਰ
ਥਿਤੀ ਵਾਰ ਸੇਵਹਿ, ਮੁਗਧ ਗਵਾਰ ॥

ਸਿਖ ਧਰਮ ਆਪਣੇ ਆਪ ਵਿਚ ਮੁਕੰਮਲ ਧਰਮ ਹੈ ਅਤੇ ਇਸ ਦੀ ਵੀਚਾਰਧਾਰਾ ਗੁਰਬਾਣੀ ਆਧਾਰਤ ਹੈ। ਇਸ ਲਈ ਸਾਨੂੰ ਸਿੱਖਾਂ ਨੂੰ ਹੋਰਨਾਂ ਦੀ ਦੇਖਾ ਦੇਖੀ ਕਰਨ ਦੀ ਥਾਂ ਗੁਰਬਾਣੀ ਤੋਂ ਅਗਵਾਈ ਲੈ ਕੇ ਹੀ ਦੁਨਿਆਵੀ ਅਤੇ ਹੋਰ ਧਾਰਮਕ ਕਰਮ ਕਰਨੇ ਚਾਹੀਦੇ ਹਨ।

ਗੁਰੂ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕਰਦਿਆਂ ਜਿਥੇ ਇਸ ਦੀ ਸ਼ਕਲ-ਸੂਰਤ ਦੁਨੀਆ ਦੇ ਸਭ ਲੋਕਾਂ ਨਾਲੋਂ ਨਿਆਰੀ ਕੀਤੀ, ਉਥੇ ਇਸ ਦੇ ਨਿਆਰੇ ਗੁਣ, ਇਸ ਦੇ ਨਿਆਰੇ ਕਰਮ ਵੀ ਗੁਰਬਾਣੀ ਦੇ ਆਧਾਰ ਤੇ ਹੀ ਨੀਅਤ ਕੀਤੇ ਸਨ। ਇਸ ਲਈ ਗੁਰੂ ਦੇ ਸਿਖਾਂ ਨੂੰ ਹੋਰਨਾਂ ਦੀ ਦੇਖਾ ਦੇਖੀ ਮਰਨੇ-ਜਨੇ, ਕਿਰਿਆ-ਕਰਮ, ਸਰਾਧ ਕਰਨੇ ਅਤੇ ਨਵਰਾਤਿਆਂ ਵਿਚ ਝਾਂ ਆਦਿ ਬਿਠਾਉਣੀਆਂ ਸੋਭਦੀਆਂ ਨਹੀਂ। ਸਿਖਾਂ ਲਈ ਹ ਨਿਰੀ ਮਨਮਤ ਹੈ ਅਤੇ ਗੁਰਮਤਿ ਦੇ ਬਿਲਕੁਲ ਉਲਟ ਹੈ।

ਗਲ ਸੰਗਰਾਂਦ ਬਾਰੇ ਚਲ ਰਹੀ ਸੀ

ਸੰਗਰਾਂਦ ਸ਼ਬਦ ਸੰਸਕ੍ਰਿਤ ਬੋਲੀ ਦੇ ਸ਼ਬਦ 'ਸਾਂਕ੍ਰਾਂਤ' ਦਾ ਪੰਜਾਬੀ ਰੂਪ ਹੈ। ਸਾਂਕ੍ਰਾਂਤ ਦਾ ਅਰਥ ਹੈ–ਸੂਰਜ ਦਾ ਇੱਕ ਰਾਸਿ ਤੋਂ ਦੂਜੀ ਰਾਸਿ ਵਿਚ ਜਾਣਾ। ਦੇਸੀ ਸਾਲ (ਬਿਕਰਮਜੀਤੀ) ਦੇ

Sri Satguru Jagjit Singh Ji eLibrary NamdhariElibrary@gmail.com

ਮਹੀਨਿਆਂ ਦਾ ਸਬੰਧ ਸੂਰਜ ਦੀ ਚਾਲ ਨਾਲ ਹੋਣਾ ਮੰਨਿਆ ਗਿਆ ਹੈ। ਜਿਸ ਤਰ੍ਹਾਂ ਸਾਲ ਦੇ 12 ਮਹੀਨੇ ਹੁੰਦੇ ਹਨ ਉਸੇ ਤਰ੍ਹਾਂ ਰਾਸਾਂ ਵੀ 12 ਹਨ। ਦੇਸੀ ਮਹੀਨੇ ਦੀ ਹਰ ਪਹਿਲੀ ਤਾਰੀਖ ਨੂੰ ਸੂਰਜ ਇੱਕ ਰਾਸਿ ਨੂੰ ਛਡ ਕੇ ਦੂਜੀ ਰਾਸਿ ਵਿਚ ਦਾਖਲ ਹੁੰਦਾ ਹੈ। ਜੋ ਲੋਕ ਸੂਰਜ ਨੂੰ ਦੇਵਤਾ ਮੰਨਦੇ ਹਨ ਉਹੋ ਹੀ ਹਰ ਸੰਗਰਾਂਦ ਨੂੰ ਪਵਿਤ੍ਰ ਦਿਨ ਮੰਨਦੇ ਹਨ ਅਤੇ ਉਸ ਦਿਨ ਉਚੇਚਾ ਪਾਠ ਪੂਜਾ ਇਸ ਲਈ ਕਰਦੇ ਕਰਾਉਂਦੇ ਹਨ ਤਾਂ ਜੁ ਉਨ੍ਹਾਂ ਦਾ ਸੂਰਜ ਦੇਵਤਾ, ਉਸ ਨਵੀਂ ਰਾਸਿ ਵਿੱਚ ਰਹਿ ਕੇ ਆਪਣੇ ਉਪਾਸ਼ਕਾਂ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਹਰਦੁਆਰ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸੂਰਜ ਦੇ ਉਲਟੇ ਪਾਸੇ ਪਾਣੀ ਦੇ ਕੇ ਸਾਨੂੰ ਸਮਝਾਇਆ ਸੀ ਕੀ ਅਸੀ ਸੂਰਜ ਦੇ ਪੁਜਾਰੀ ਨਹੀਂ ਸਗੋਂ ਇਕ ਅਕਾਲਪੁਰਖ ਨੂੰ ਮੰਨਣ ਵਾਲੇ ਅਤੇ ਉਸੇ ਦੇ ਹੀ ਪੁਜਾਰੀ ਹਾਂ।

ਖਾਲਸਾ ਅਕਾਲਪੁਰਖ ਕੀ ਫੌਜ ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ।

ਕਹਿਣ ਵਾਲੇ ਗੁਰੂ ਪਾਤਸ਼ਾਹ ਨੇ ਵੀ ਸਾਨੂੰ ਪੂਜਾ ਅਕਾਲ ਦੀ, ਪਰਚਾ ਸ਼ਬਦ ਕਾ ਅਤੇ ਦਰਸ਼ਨ ਖਾਲਸੇ ਦਾ ਕਰਨ ਲਈ ਹੀ ਉਪਦੇਸ਼ ਦਿਤਾ ਸੀ। ਐਸੇ ਗੁਰੂ ਕੇ ਸਿਖ ਵੀ ਜੇ ਸੂਰਜ ਨੂੰ ਦੇਵਤਾ ਮੰਨਣ ਵਾਲਿਆਂ ਵਾਂਗ ਸੰਗਰਾਂਦ-ਪੂਰਨਮਾਸ਼ੀ-ਮਸਿਆ ਆਦਿ ਨੂੰ ਪਵਿਤ੍ਰ ਦਿਨ, ਵਰ੍ਹੇ ਦਾ ਦਿਨ ਕਹਿਣ ਲਗ ਪੈਣ-ਕਹਿਣ ਹੀ ਨਹੀਂ ਸਗੋਂ ਉਚੇਚੇ ਤੌਰ ਤੇ ਮੰਨਾਉਣ ਲਗ ਪੈਣ ਤਾਂ ਦਸੋ ਸੂਰਜ ਨੂੰ ਦੇਵਤਾ ਕਹਿਣ ਵਾਲਿਆਂ ਅਤੇ ਇਕ ਅਕਾਲ ਪੁਰਖ ਦੇ ਪੁਜਾਰੀਆਂ ਵਿਚ ਕੀ ਫਰਕ ਰਹਿ ਗਿਆ ?

Sri Satguru Jagjit Singh Ji eLibrary NamdhariElibrary@gmail.com

ਬਹੁਤਿਆਂ ਨੂੰ ਇੱਕ ਭੁਲੇਖਾ ਇਹ ਹੈ ਕਿ ਜਦ ਬਾਰਾਮਾਂਹ ਦਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ ਅਤੇ ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ ਨੂੰ ਹਰ ਥਾਂ, ਹਰ ਗੁਰਦੁਆਰੇ ਵਿਚ ਉਸ ਮਹੀਨੇ ਦਾ ਪਾਠ ਹੁੰਦਾ ਹੈ ਤੇ ਉਹ ਸੰਗਰਾਂਦ ਕਰ ਕੇ ਹੀ ਹੁੰਦਾ ਹੈ ਅਤੇ ਮੁਦਤਾਂ ਤੋਂ ਇਸ ਤਰ੍ਹਾਂ ਹੁੰਦਾ ਚਲਾ ਆ ਰਿਹਾ ਹੈ । ਤਾਂ ਇਹ ਠੀਕ ਹੈ ਕਿ ਸੰਗਰਾਂਦ ਦਾ ਦਿਨ ਪਵਿਤ੍ਰ ਦਿਨ ਹੈ।

ਐਸੇ ਲੋਕਾਂ ਦੀ ਸੇਵਾ ਵਿਚ ਬਿਨੇ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਰਾਗਾਂ ਵਿਚ ਹੈ, ਕਵਿਤਾ ਵਿਚ ਹੈ। ਗੁਰੂ ਪਾਤਸ਼ਾਹ ਨੇ ਦੇਸ਼ ਵਿਚ ਇਕ ਨਵਾਂ ਜੀਵਨ ਪੈਦਾ ਕਰਨਾ ਸੀ ਇਸ ਲਈ ਉਨ੍ਹਾਂ ਨੇ ਆਪਣੀ ਸਾਰੀ ਬਾਣੀ ਕਵਿਤਾ ਵਿਚ ਇਸ ਲਈ ਰਚੀ ਕਿਉਂਕਿ ਕਵਿਤਾ, ਵਾਰਤਕ ਨਾਲੋਂ ਜ਼ਿਆਦਾ ਅਸਰ ਤੇ ਖਿਚ ਪਾਉਂਦੀ ਹੈ।

ਗੁਰੂ ਪਾਤਸ਼ਾਹ ਨੇ ਬਾਣੀ ਵਿਚ ਕਵਿਤਾ ਦੇ ਉਹ ਛੰਦ ਵਰਤੇ ਜੋ ਉਸ ਸਮੇਂ ਪੰਜਾਬ ਵਿੱਚ ਵਧੇਰੇ ਪ੍ਰਚਲਤ ਸਨ। ਬਾਰਾਂਮਾਹ ਵੀ, ਸਿਠਣੀ, ਅਲਾਹੁਣੀ, ਦੋਹਰਾ, ਸੋਰਠਾ, ਅਸ਼ਟਪਦੀ ਤੇ ਸਲੋਕ ਆਦਿ ਵਾਂਗ ਕਵਿਤਾ ਦਾ ਇੱਕ ਛੰਦ ਹੀ ਹੈ ਜੋ ਉਸ ਵੇਲੇ ਆਮ ਪ੍ਰਚਲਤ ਸੀ ।

ਯਾਦ ਰਵੇ ! ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਾਂਮਾਹ ਦਰਜ ਹਨ। ਇਕ ਗੁਰੂ ਨਾਨਕ ਪਾਤਸ਼ਾਹ ਦਾ 'ਤੁਖਾਰੀ' ਰਾਗ ਵਿਚ ਉਚਾਰਿਆ ਹੋਇਆ, ਦੂਜਾ ਪੰਚਮ ਪਾਤਸ਼ਾਹ ਦਾ 'ਮਾਝ' ਰਾਗ ਵਿੱਚ । ਪਰ ਆਮ ਕਰਕੇ ਪਾਠ ਮਾਝ ਰਾਗ ਵਿੱਚ ਲਿਖੇ

Sri Satguru Jagjit Singh Ji eLibrary NamdhariElibrary@gmail.com

ਬਾਰਾਂਮਾਹ ਦਾ ਹੀ ਕੀਤਾ ਜਾਂਦਾ ਹੈ । ਤੁਖਾਰੀ ਰਾਗ ਵਿੱਚ ਉਚਾਰਨ ਕੀਤੇ ਬਾਰਾਂਮਾਹ ਦਾ ਪਾਠ ਕਰਦਿਆਂ ਕਦੀ ਕਿਸੇ ਨੂੰ ਨਹੀਂ ਡਿਠਾ। ਪਤਾ ਨਹੀਂ ਇਹ ਕਿਉਂ ? ....ਖੈਰ ।

ਇਨਾਂ ਦੋਹਾਂ ਬਾਰਾਂਮਾਹ ਦਾ ਸੂਰਜ ਦੀ ਸੰਗਰਾਂਦ ਨਾਲ ਕੋਈ ਸਬੰਧ ਨਹੀਂ। ਇਹ ਤਾਂ ਦੇਸ਼ ਵਿਚ ਪ੍ਰਚਲਤ ਕਾਵਿ-ਛੰਦਾਂ ਵਿਚੋ ਇਕ ਕਿਸਮ ਦਾ ਛੰਦ ਹੋਣ ਕਾਰਣ ਇਸ ਵਿਚ ਬਾਣੀ ਦੀ ਰਚਨਾ ਉਸੇ ਤਰ੍ਹਾਂ ਕੀਤੀ ਗਈ ਜਿਵੇਂ ਹੋਰ ਛੰਦਾ ਵਿਚ। 'ਸਤਵਾਰਾ' ਵੀ ਇਕ ਛੰਦ ਹੈ ਜਿਸ ਵਿਚ ਹਫਤੇ ਦੇ ਸਤਾਂ ਦਿਨਾਂ ਦੇ ਨਾਵਾਂ (ਐਤ-ਸੋਮਵਾਰ ਆਦਿ) ਤੋਂ ਹੀ ਗੁਰਬਾਣੀ ਦੀ ਰਚਨਾ ਕੀਤੀ ਗਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਐਤ-ਸੋਮ ਵਾਲੇ ਦਿਨ ਕੋਈ ਸਜਨ ਇਨ੍ਹਾਂ ਸ਼ਬਦਾਂ ਦਾ ਪਾਠ ਨਹੀਂ ਕਰਦਾ।

ਯਾਦ ਰਵੇ ਕਿ ਸਾਰੀ ਬਾਣੀ ਵਿਚ ਕਿਧਰੇ ਇਕ ਵੀ ਬਚਨ ਗੁਰੂ ਪਾਤਸ਼ਾਹ ਦਾ ਅਜਿਹਾ ਨਹੀਂ ਮਿਲਦਾ ਜਿਥੋਂ ਸਾਧਾਰਨ ਦਿਨਾਂ ਵਿਚੋਂ ਕਿਸੇ ਇਕ ਖਾਸ ਦਿਨ ਦਾ ਚੰਗਾ ਜਾਂ ਮੰਦਾ ਹੋਣ ਦਾ ਵਿਤਕਰਾ ਦਸਿਆ ਹੋਵੇ। ਜੇ ਅਸੀਂ ਬਾਰਾਂਮਾਹ ਦੀ ਬਾਣੀ ਦਾ ਪਾਠ ਹੀ ਧਿਆਨ ਨਾਲ ਸੁਣੀਏ-ਪੜੀਏ ਤਾਂ ਉਸ ਵਿਚਲੀ ਪੰਗਤੀ :–

ਬੇ ਦਸ ਮਾਹ, ਰੁਤੀ ਥਿਤੀ ਵਾਰ ਭਲੇ,

ਘੜੀ ਮੂਰਤ ਪਲ, ਸਾਚੇ ਆਏ, ਸਹਜਿ ਮਿਲੇ ॥

ਭਾਵ :-ਜਿਸ ਜੀਵ ਇਸਤ੍ਰੀ ਦੇ ਅਡੋਲ ਹਿਰਦੇ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਭੂ ਆ ਟਿਕਦਾ ਹੈ ਉਸ ਨੂੰ 2+10=12

Sri Satguru Jagjit Singh Ji eLibrary NamdhariElibrary@gmail.com

ਮਹੀਨੇ, ਸਾਰੀਆਂ ਘੜੀਆਂ, ਸਾਰੇ ਮਹੂਰਤ ਦੇ ਪਲ ਸੁਲੱਖਣੇ ਜਾਪਦੇ ਹਨ। ਉਸ ਨੂੰ ਕਿਸੇ ਸੰਗਰਾਂਦ, ਮਸਿਆ-ਪੂਰਨਮਾਸ਼ੀ ਆਦਿ ਦੀ ਪਵਿਤ੍ਰਤਾਂ ਦਾ ਭਰਮ-ਭੁਲੇਖਾ ਨਹੀਂ ਰਹਿੰਦਾ। ਉਸ ਲਈ ਤਾਂ ਉਹੋ ਦਿਨ ਚੰਗਾ ਹੁੰਦਾ ਹੈ ਜਦੋਂ ਪ੍ਰਭੂ ਚਿਤ ਆਉਂਦਾ ਹੈ, ਪ੍ਰਭੂ ਦਾ ਹਿਰਦੇ ਵਿਚ ਵਾਸਾ ਹੁੰਦਾ ਹੈ। ਗੁਰੂ ਸਾਹਿਬ ਤਾਂ ਥਿਤਾਂ ਵਾਰਾਂ ਨੂੰ ਚੰਗਾ-ਮਾੜਾ ਜਾਂ ਪਵਿਤ੍ਰ ਸਮਝਣ ਵਾਲੇ ਨੂੰ ਮੂਰਖ ਅਤੇ ਗਵਾਰ ਦੀ ਉਪਾਧੀ (ਪਦਵੀ) ਦੇਂਦੇ ਹਨ :

ਥਿਤੀ ਵਾਰ ਸੇਵਹਿ, ਮੁਗਧ ਗਵਾਰ ॥ (੮੪੩)

ਅਸੀਂ ਗੁਰਦੁਆਰਿਆਂ ਵਿਚ ਹਰ ਮਹੀਨੇ ਸੰਗਰਾਂਦ ਦਾ ਪਵਿਤ੍ਰ ਦਿਨ, ਪਵਿਤ੍ਰ ਦਿਹਾੜਾ ਕੂਕੀ ਜਾ ਰਹੇ ਹਾਂ ਪਰ ਸਾਨੂੰ ਵੱਖ-ਵੱਖ ਪਾਤਸ਼ਾਹੀਆਂ (ਗੁਰੂ ਵਿਅਕਤੀਆਂ) ਦੇ ਆਗਮਨ ਪੁਰਬ, ਗੁਰਗਦੀ ਨਸ਼ੀਨੀ ਪੁਰਬ,ਜੋਤੀ ਜੋਤ ਸਮਾਉਣ ਦਾ ਪੁਰਬ ਅਤੇ ਇਸ ਤਰਾਂ ਹੋਰ ਇਤਿਹਾਸਕ ਤੇ ਸ਼ਹੀਦੀ ਦਿਨ ਭੁਲ ਗਏ ਹੀ ਜਾਪਦੇ ਹਨ। ਕਿਉਂਕਿ ਉਹ ਤਾਂ ਅਸੀਂ ਮਨਾਉਂਦੇ ਹੀ ਨਹੀਂ। ਪਰ ਸੰਗਰਾਂਦ ਨੂੰ ਗੁਰਪੁਰਬ ਤੋਂ ਵੀ ਵੱਧ ਮਹਾਨਤਾ ਦਈ ਬੈਠੇ ਹਾਂ।

ਜਿਥੋਂ ਤਕ ਬਾਰਾਂਮਾਹ ਦੀ ਬਾਣੀ ਪੜ੍ਹਨ ਸੁਣਨ ਅਤੇ ਸਮਝਣ ਵੀਚਾਰਨ ਦੀ ਗਲ ਹੈ, ਉਹ ਤਾਂ ਚੰਗੀ ਹੈ ਪਰ ਇਸ ਖਿਆਲ ਨਾਲ ਕੌਣ ਕਰਦਾ ਕਰਾਉਂਦਾ ਹੈ ? ਸਭ ਥਾਵਾਂ ਤੇ ਆਮ ਕਰਕੇ ਮਹੀਨੇ ਦਾ ਪਾਠ ਸੁਣਿਆ ਜਾਂ ਪੜ੍ਹਿਆ, ਫਿਰ ਪੂਰੇ ਇਕ ਸਾਲ ਲਈ ਉਸ ਨੂੰ ਪੜ੍ਹਨ ਦੀ ਲੋੜ ਨਹੀਂ ਸਮਝੀ ਜਾਂਦੀ। ਜਦ ਸਾਰਾ ਸਾਲ ਫਿਰ ਇਸ ਮਹੀਨੇ ਦੇ ਪਾਠ ਨੂੰ ਪੜ੍ਹਨ ਸੁਣਨ ਦੀ ਲੋੜ

Sri Satguru Jagjit Singh Ji eLibrary NamdhariElibrary@gmail.com

ਹੀ ਨਹੀਂ ਸਮਝੀ ਜਾਂਦੀ ਤਾਂ ਵਿਚਾਰਨਾ ਕਿਸੇ ਨੇ ਤੇ ਕਦੋਂ ਹੈ ? ਅਤੇ ਵੀਚਾਰ ਤੇ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕਿਸ ਨੇ ਕਰਨੀ ਹੈ ?

ਫਿਰ ਇਹ ਕਹਿਣਾ ਕਿ ਸੰਗਰਾਂਦ ਦਾ ਦਿਨ ਬੜਾ ਪਵਿਤ੍ਰ ਹੈ, ਸ਼ੁਭ ਹੈ, ਗੁਰਮਤਿ ਦੇ ਆਸ਼ੇ ਦੇ ਬਿਲਕੁਲ ਉਲਟ ਹੈ ਅਤੇ ਕਈ ਤਰ੍ਹਾਂ ਦੇ ਵਹਿਮ ਪੈਦਾ ਕਰਨ ਦਾ ਕਾਰਨ ਬਣ ਰਿਹਾ ਹੈ। ਜਿਵੇਂ ਇਸ ਦਿਨ ਹਥੋਂ ਪੈਸੇ ਨਹੀਂ ਦੇਣੇ-ਮੋੜਨੇ । ਕਿਉਂ ਕਿ ਇਸ ਤਰ੍ਹਾਂ ਕਰਨ ਨਾਲ ਸਾਰਾ ਮਹੀਨਾ ਪੈਸੇ ਦੇਣੇ ਪਿਆ ਕਰਨਗੇ। ਇਸ ਵਰ੍ਹੇ ਦੇ ਦਿਨ ਪ੍ਰਦੇਸ ਨਹੀਂ ਜਾਣਾ, ਸਿਰ ਜਾਂ ਕਪੜੇ ਨਹੀਂ ਧੋਣੇ ਆਦਿ ਕਿਤਨੀਆਂ ਹੀ ਐਸੀਆਂ ਗੱਲਾਂ, ਵਹਿਮ ਤੇ ਭਰਮ ਸੰਗਰਾਂਦ ਨੂੰ ਪਵਿਤ੍ਰ ਦਿਨ ਕਹਿਣ ਵਾਲਿਆਂ ਵਿਚ ਆ ਗਏ ਹਨ। ਇਸ ਦੇ ਨਾਲ ਹੀ ਲਗਣ-ਸ਼ਗਣ-ਮਹੂਰਤਾਂ ਆਦਿ ਕਢਵਾ ਕੇ ਕੰਮ ਸ਼ੁਰੂ ਕਰਨ-ਕਰਾਉਣ ਵਾਲਿਆਂ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਗੁਰੂ ਪਾਤਸ਼ਾਹ ਕਹਿੰਦੇ ਹਨ :–

ਸ਼ਗਨ-ਅਪਸ਼ਗਨ ਤਿਸ ਕਉ ਲਗੈ
ਜਿਸ ਚੀਤਿ ਨਾ ਆਵੈ ।

ਇਹ ਭੁਲ ਕੇ, ਕਿ ਸਾਰੇ-ਦਿਨ ਵਾਰ ਇਕ ਅਕਾਲ ਪੁਰਖ ਵਾਹਿਗੁਰੂ ਜੀ ਦੇ ਹੀ ਬਣਾਏ ਹੋਏ ਹਨ ਅਤੇ ਆਪਣੇ ਆਪ ਵਿਚ ਕੋਈ ਦਿਨ ਮਾੜਾ ਜਾਂ ਚੰਗਾ ਨਹੀਂ, ਸੰਗਰਾਂਦ ਨੂੰ ਚੰਗਾ ਅਤੇ ਪਵਿਤ੍ਰ ਦਿਨ ਕਹਿ ਕੇ ਅਸੀਂ ਦੂਜੇ ਦਿਨਾਂ ਨਾਲੋਂ ਫਰਕ ਹੀ ਨਹੀਂ ਪਾ ਲਿਆ, ਸਗੋਂ ਬਾਣੀ-ਬਾਣੀ 'ਚ ਫਰਕ ਪਾ ਲਿਆ ਹੈ, ਬੰਦੇ-ਬੰਦੇ 'ਚ ਫਰਕ ਪਾ ਲਿਆ ਹੈ। ਇਸ ਤਰ੍ਹਾਂ ਅਸੀਂ

Sri Satguru Jagjit Singh Ji eLibrary NamdhariElibrary@gmail.com

ਉਨਾਂ ਵਹਿਮਾਂ ਅਤੇ ਭਰਮ ਭੁਲੇਖਿਆਂ ਵਿਚ ਮੁੜ ਪੈ ਗਏ ਜਿਨ੍ਹਾਂ ਤੋਂ ਗੁਰੂ ਪਾਤਸ਼ਾਹ ਨੇ ਲਗਾਤਾਰ 240 ਸਾਲ (ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ) ਇਸ ਸੰਸਾਰ ਵਿਚ ਸਾਡੇ ਨਾਲ ਰਹਿ ਕੇ, ਸਾਨੂੰ ਇਨ੍ਹਾਂ ਤੋਂ ਛੁਟਕਾਰਾ ਦਿਵਾਇਆ ਸੀ।

ਬਾਣੀ ਬਾਣੀ 'ਚ ਫਰਕ

ਸੰਗਰਾਂਦ ਦੇ ਦਿਨ ਉਚੇਚੇ ਗੁਰਦੁਆਰੇ ਜਾਣ ਵਾਲੇ ਸ਼ਰਧਾਲੂ ਦੀ ਇਹੋ ਤਾਂਘ ਹੁੰਦੀ ਹੈ ਕਿ ਕਿਹੜਾ ਵੇਲਾ ਹੋਵੇ, ਮਹੀਨੇ ਵਾਲਾ ਸ਼ਬਦ ਸੁਣਾਇਆ ਜਾਏ। ਉਹ ਵਿਅਕਤੀ ਉਸ ਸਮੇਂ ਹੋ ਰਹੇ ਕੀਰਤਨ ਕਥਾ ਵੀਚਾਰ ਵਲ ਧਿਆਨ ਹੀ ਨਹੀਂ ਦੇਂਦਾ। ਹਾਲਾਂਕਿ ਬਾਰਾਂਮਾਹ ਸਮੇਤ ਸਾਰੀ ਬਾਣੀ ਪ੍ਰਭੂ ਦੀ ਸਿਫਤ-ਸਲਾਹ ਵਾਲੀ ਅਤੇ ਸਾਡੀ ਅਗਵਾਈ ਵਾਲੀ ਹੋਣ ਕਾਰਨ ਇਕੋ ਜਿਹਾ ਦਰਜਾ ਰਖਦੀ ਹੈ। ਪਰ ਸੰਗਰਾਂਦ ਦੇ ਵਹਿਮ ਵਿਚ ਬਾਣੀ-ਬਾਣੀ ਵਿਚ ਫਰਕ ਸਮਝਿਆ ਜਾਂਦਾ ਹੈ। ਕਿਉਂ ਕਿ ਅਸਲ ਨੀਯਤ ਬਾਣੀ ਸੁਣਨ ਦੀ ਨਹੀਂ ਹੁੰਦੀ ਸਗੋਂ ਮਹੀਨਾ ਸੁਣਨ ਦੀ ਹੁੰਦੀ ਹੈ। ਕਈ ਵਾਰ ਮਹੀਨੇ ਦਾ ਪੂਰਾ ਸ਼ਬਦ ਸੁਣਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ। ਕਈ ਥਾਵਾਂ ਤੇ ਇਸ ਦਿਨ, ਜਦੋਂ ਬਾਰਾਂਮਾਹ ਵਿਚੋਂ ਮਹੀਨਾ ਸੁਣਾਉਣਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਸ਼ੁਰੂ ਵਿੱਚ ਮਹੀਨੇ ਦਾ ਨਾਂ 'ਜੇਠ' ਜਾਂ 'ਅਸਾੜ (ਹਾੜ) ਆਦਿ ਸੁਣਕੇ ਹੀ ਕਈ ਸੰਗਤਾਂ 'ਵਾਹਿਗੁਰੂ-ਵਾਹਿਗੁਰੂ' ਕਹਿੰਦੀਆਂ ਚਾਲੇ ਪਾ ਦੇਂਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਬੰਦੇ-ਬੰਦੇ 'ਚ ਫਰਕ

ਜਦੋਂ ਮਨੁਖ ਸੰਗਰਾਂਦ ਨੂੰ ਇਕ ਉਚੇਚਾ ਭਾਗਾਂ ਵਾਲਾ ਦਿਨ ਸਮਝਣ ਲਗ ਜਾਂਦਾ ਹੈ ਤਾਂ ਉਸ ਦੀ ਇਹ ਤਾਂਘ ਹੁੰਦੀ ਹੈ ਕਿ ਉਹ 'ਵਰ੍ਹੇ ਵਾਲੇ ਦਿਨ' ਕਿਸੇ ਖਾਸ ਜਾਂ ਚੰਗੇ ਬੰਦੇ ਦੇ ਮੂੰਹੋਂ 'ਮਹੀਨਾ' ਸੁਣਿਆ ਜਾਏ ਜਾਂ ਕੋਈ ਭਲਾ ਜਾਂ ਚੰਗਾ ਆਦਮੀ ਪਹਿਲਾਂ ਮੱਥੇ ਲੱਗੇ।

ਸੰਗਰਾਂਦ ਦੇ ਦੂਜੇ ਚੌਥੇ ਦਿਨ ਜੇ ਕੋਈ ਕਸ਼ਟ ਜਾਂ ਦੁਖ ਤਕਲੀਫ ਆ ਜਾਏ ਤਾਂ ਸਹਿਜ ਸੁਭਾਏ ਉਨ੍ਹਾਂ ਦੇ ਮੂੰਹੋਂ ਨਿਕਲਦਾ ਹੈ ਕਿ ਵਰ੍ਹੇ ਦੇ ਦਿਨ ਐਤਕੀ ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ ਤਾਂ ਹੀ ਇਹ ਦੁਖ ਜਾਂ ਮੁਸੀਬਤ ਆਈ ਹੈ।

ਜਿਸ ਵਹਿਮ ਪ੍ਰਸਤੀ ਨੂੰ ਹਟਾਉਣ ਲਈ ਅਸੀਂ ਗੁਰੂ ਦਰ ਤੇ ਜਾਣਾ ਸੀ ਅਤੇ ਗੁਰਬਾਣੀ ਦੇ ਉਪਦੇਸ਼ :-

ਦੋਸ਼ ਨ ਦੀਜੈ ਕਾਹੂੰ ਲੋਗ
ਜੋ ਕਮਾਵਣ ਸੋਈ ਹੋਗ ॥

ਅਤੇ–'ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ' ਆਦਿ ਗੁਰੂ ਉਪਦੇਸ਼ ਸੁਣਕੇ ਅੰਦਰ ਵਸਾਉਣ ਦੀ ਕੋਸ਼ਿਸ਼ ਕਰਨੀ ਸੀ ਉਸ ਵਲ ਧਿਆਨ ਹੀ ਨਹੀਂ ਹੁੰਦਾ। ਨਤੀਜਾ ਇਹ ਹੁੰਦਾ ਹੈ ਕਿ ਗੁਰੂ ਪਾਤਸ਼ਾਹ ਦੇ ਉਪਰਲੇ ਅਤੇ ਹੇਠਲੇ ਵਾਕ :–

ਮੰਦਾ ਕਿਸੈ ਨ ਆਖੀਐ....

ਅਤੇ– ਕਬੀਰ ਸਭ ਤੇ ਹਮ ਬੁਰੇ

ਹਮ ਤਜ ਭਲੋ ਸਭ ਕੋਇ ॥

Sri Satguru Jagjit Singh Ji eLibrary NamdhariElibrary@gmail.com

ਆਦਿ ਗੁਣ ਗ੍ਰਹਿਣ ਕਰਨੇ, ਜੋ ਸਾਡੇ ਜੀਵਨ ਨੂੰ ਸਫਲ ਬਣਾਉਣ ਵਿਚ ਸਹਾਇਕ ਹੋਣੇ ਸਨ, ਉਹ ਭੁਲ ਗਏ ਅਤੇ ਭੁਲਦੇ ਜਾ ਰਹੇ ਹਨ।

ਇਕ ਹੋਰ ਭੁਲੇਖਾ

ਕਈ ਇਹ ਖਿਆਲ ਕਰਦੇ ਹਨ ਕਿ ਸੰਗਰਾਂਦ ਦੇ ਬਹਾਨੇ ਗੁਰਦੁਆਰੇ ਆਇਆ ਜਾਂਦਾ ਹੈ, (ਅਗੇ ਪਿਛੇ ਤਾਂ ਟਾਈਮ ਮਿਲਦਾ ਨਹੀਂ) ਕੁਝ ਸਤਸੰਗ ਹੋ ਜਾਂਦਾ ਹੈ, ਕੁਝ ਦਾਨ ਪੁੰਨ ਹੋ ਜਾਂਦਾ ਹੈ–ਆਦਿ। ਇਸ ਲਈ ਇਹ ਜ਼ਰੂਰ ਉਚੇਚੇ ਤੌਰ ਤੇ ਮੰਨਾਉਣੀ ਚਾਹੀਦੀ ਹੈ।

ਉਪਰੋਂ ਉਪਰੋਂ ਦਿਸਣ ਨੂੰ ਭਾਵੇਂ ਇਹ ਖਿਆਲ ਠੀਕ ਲਗਦਾ ਹੀ ਹੋਵੇ ਪਰ ਅਸਲ ਵਿੱਚ ਇਹ ਖਿਆਲ ਗੁਰੂ ਦੀ ਨੇੜਤਾ ਪ੍ਰਾਪਤ ਕਰਨ ਦੀ ਥਾਂ ਬਹੁਤ ਹੱਦ ਤਕ ਜੀਵ ਨੂੰ ਕੁਰਾਹੇ ਹੀ ਪਾ ਦੇਂਦਾ ਹੈ। ਕਿਉਂਕਿ ਜੋ ਮਨੁਖ ਮਤਵਾਤਰ ਸਤਸੰਗਤ ਨਹੀਂ ਕਰਦਾ, ਗੁਰੂ ਦਾ ਬਾਣੀ, ਗੁਰੂ ਦੇ ਆਸ਼ੇ ਨੂੰ ਸਮਝਣ ਲਈ ਰੋਜ ਸਮਾਂ ਨਹੀਂ ਕਢਦਾ, ਕੋਸ਼ਿਸ ਹੀ ਨਹੀਂ ਕਰਦਾ, ਉਹ ਗੁਰੂ ਦੇ ਦਸੇ ਰਾਹ ਉਤੇ ਤੁਰ ਕਿਸ ਤਰ੍ਹਾਂ ਸਕਦਾ ਹੈ ? ਚੰਗੇ ਗੁਣ ਕਿਸ ਤਰ੍ਹਾਂ ਗ੍ਰਹਿਣ ਕਰ ਸਕਦਾ ਹੈ ? ਭਾਵ ਨਹੀਂ ਕਰ ਸਕਦਾ।

ਐਸਾ ਮਨੁਖ ਜੇ ਮਹੀਨੇ 'ਚ ਇਕ ਅਧੀ ਵਾਰ (ਸੰਗਰਾਂਦ ਨੂੰ ਹੀ ਸਹੀ) ਜੇ ਗੁਰਦੁਆਰੇ ਜਾਂਦਾ ਵੀ ਹੈ ਅਤੇ ਗੁਰਦੁਆਰੇ ਲਈ ਜਾਂ ਕਿਸੇ ਹੋਰ ਧਾਰਮਕ ਕਾਰਜਾਂ ਲਈ ਕੁਝ ਰੁਪਿਆ ਦਾਨ ਕਰਦਾ ਹੈ ਤਾਂ ਆਮ ਕਰਕੇ ਇਸ ਦਿਤੇ ਦਾਨ ਤੋਂ ਗਲਤ ਅੰਦਾਜ਼ਾ

Sri Satguru Jagjit Singh Ji eLibrary NamdhariElibrary@gmail.com

ਲਾ ਲਿਆ ਜਾਂਦਾ ਹੈ ਕਿ ਇਹ ਮਨੁਖ, ਮਨੁਖਤਾ ਦੇ ਮਾਪ ਵਿਚ ਪੂਰਾ ਉਤਰ ਪਿਆ ਹੈ। ਦੂਜੇ ਲਫਜਾਂ ਵਿਚ ਇਹ ਦਾਨ ਕਰਨਾ ਵਾਲਾ ਧਰਮੀ ਪੁਰਸ਼ ਹੈ । ਦਰ ਅਸਲ ਇਸ ਤਰ੍ਹਾਂ ਦਾ ਆਮ ਮਨੁਖ ਕੇਵਲ ਉਸ ਸਮੇਂ ਕੁਝ ਦਾਨ ਕਰਨ ਨਾਲ ਧਰਮੀ ਨਹੀਂ ਹੋ ਜਾਂਦਾ ਅਤੇ ਨਾਂਹ ਹੀ ਹੋ ਸਕਦਾ ਹੈ, ਕਿਉਂਕਿ ਹੋ ਸਕਦਾ ਹੈ ਕਿ ਉਹ ਦਾਨ ਕਰਨਾ ਵਾਲਾ ਪੁਰਸ਼ ਕਿਸੀ ਸੋਭਾ ਦੀ ਖਾਤਰ ਜਾਂ ਚੌਧਰ ਦੀ ਖਾਤਰ ਹੀ ਦਾਨ ਕਰਦਾ ਹੋਵੇ।

ਇਹ ਵੀ ਹੋ ਸਕਦਾ ਹੈ ਕਿ ਉਹ ਆਪਣੀ ਗਲਤ ਤਰੀਕੇ ਨਾਲ ਕੀਤੀ ਕਮਾਈ ਵਿਚੋਂ ਕੁਝ ਦਾਨ ਪੁੰਨ ਕਰਕੇ ਉਸ ਨੂੰ ਸੁਚੀ ਕਿਰਤ ਵਿਚ ਬਦਲਣ ਦੀ ਨਾ ਸਮਝੀ ਵਾਲੀ ਕੋਸ਼ਿਸ਼ ਕਰਦਾ ਹੋਵੇ। ਕਿਉਂਕਿ ਇਸ ਬਾਰੇ ਉਸ ਨੂੰ ਗੁਰਬਾਣੀ ਦਾ ਉਪਦੇਸ਼ ਪਤਾ ਹੀ ਨਹੀਂ ਹੁੰਦਾ :–

ਮਾਰਣ ਪਾਇ ਹਰਾਮ ਮਹਿ
ਹੋਇ ਹਲਾਲ ਨਾ ਜਾਇ ॥

ਭਾਵ :–ਹਰਾਮ ਦੇ ਮਾਲ ਵਿਚ ਮਸਾਲੇ ਪਾਉਣ ਨਾਲ ਉਹ ਹਲਾਲ ਦਾ ਨਹੀਂ ਬਣ ਜਾਂਦਾ। ਇਸੇ ਤਰ੍ਹਾਂ ਹਰਾਮ ਦੀ ਕਮਾਈ ਵਿਚੋਂ ਕੁਝ ਦਾਨ ਕਰ ਦੇਣ ਨਾਲ ਉਹ ਨੇਕ ਨਹੀਂ ਬਣ ਜਾਂਦੀ।

ਇਸ ਤਰ੍ਹਾਂ ਦਾ ਇਹ 'ਦਾਨ' ਉਸ ਦੀ ਹਉਮੈ ਨੂੰ ਵਧਾ ਕੇ ਉਸ ਦੇ ਮਨੁਖੀ ਗੁਣਾਂ ਨੂੰ ਗਿਰਾਉਣ ਦਾ ਕਾਰਨ ਵੀ ਬਣ ਜਾਂਦਾ ਹੈ। ਕਿਉਂਕਿ ਉਹ ਗੁਰੂ ਦੀ ਸੰਗਤ; ਗੁਰਬਾਣੀ-ਗੁਰ ਉਪਦੇਸ਼ ਨੂੰ ਨਿਤਾਪ੍ਰਤ ਪੜ੍ਹਨ-ਸੁਣਨ ਅਤੇ ਸਮਝ ਕੇ ਅਮਲ ਵਿੱਚ ਲਿਆਉਣ

Sri Satguru Jagjit Singh Ji eLibrary NamdhariElibrary@gmail.com

ਦੀ ਕੋਸ਼ਿਸ ਹੀ ਨਹੀਂ ਕਰਦਾ। ਜਿਸ ਕਰਕੇ ਉਹ ਗੁਰ ਆਸ਼ੇ ਤੋਂ ਕੋਰਾ ਹੁੰਦਾ ਹੈ। ਉਹ ਤਾਂ ਸਮਝਦਾ ਹੀ ਨਹੀਂ :–

ਘਾਲ ਖਾਇ ਕਿਛੁ ਹਥਹੁੰ ਦੇਇ ।।
ਨਾਨਕ ਰਾਹ ਪਛਾਣਹਿ ਸੇਇ ।।

ਵੈਸੇ ਵੀ 'ਦਾਨ' ਅਤੇ ਹੋਰ ਧਾਰਮਕ ਕੰਮ ਦਾ ਅਸਰ ਮਨੁਖ ਦੇ ਜੀਵਨ ਉਤੇ ਉਹੋ ਜਿਹਾ ਹੀ ਪੈ ਸਕਦਾ ਹੈ ਜਿਹੋ ਜਿਹਾ ਉਸ ਕੰਮ ਕਰਨ ਵੇਲੇ ਉਸ ਦੀ ਨੀਯਤ ਹੁੰਦੀ ਹੈ। ਇਸ ਤਰ੍ਹਾਂ ਸੰਗਰਾਂਦ ਦੇ ਰਾਹੀਂ ਸਾਡੇ ਵਿਚ ਅਨੇਕ ਤਰ੍ਹਾਂ ਦੇ ਵਹਿਮਾਂ-ਭੁਲੇਖਿਆਂ ਦਾ ਜਿਥੇ ਵਾਧਾ ਹੀ ਹੋ ਰਿਹਾ ਹੈ ਉਥੇ ਬੇਮਲੂਮੇ ਸਾਡੇ ਵਿੱਚ ਸੂਰਜ (ਦੇਵਤੇ) ਦੀ ਪੂਜਾ ਦਾ ਪ੍ਰਚਾਰ ਵੀ ਹੋ ਰਿਹਾ ਹੈ। ਸਾਡੇ ਲਈ ਪਵਿਤ੍ਰ ਦਿਨ, ਗੁਰੂ ਪਾਤਸ਼ਾਹ ਦੇ ਆਗਮਨ ਦਿਨ, ਗੁਰਗਦੀ ਨਸ਼ੀਨੀ ਦਿਨ (ਪੂਰਬ) ਜੋਤੀ-ਜੋਤ ਸਮਾਉਣ ਵਾਲੇ ਦਿਨ ਹੀ ਹਨ ਜਿਨ੍ਹਾਂ ਦਿਨਾਂ ਨੂੰ ਉਚੇਚੇ ਤੌਰ ਤੇ ਮਨਾਉਣ ਨਾਲ, ਉਨ੍ਹਾਂ ਦੇ ਸਾਡੇ ਉਤੇ ਕੀਤੇ ਉਪਕਾਰ, ਉਨ੍ਹਾਂ ਦੇ ਹੋਰ ਉਪਦੇਸ਼ ਜੋ ਸਾਡੇ ਜੀਵਨ ਨੂੰ ਸਫਲ ਬਣਾਉਣ ਵਿਚ ਸਹਾਇਕ ਹਨ, ਪੜਨ-ਸੁਣਨ-ਸੁਣਾਉਣ ਤੇ ਵੀਚਾਰਨ ਨਾਲ ਉਹ ਗੁਣ (ਉਪਦੇਸ਼) ਬੇਮਲੂਮੇ ਆਪਣੇ ਅੰਦਰ ਵਸਾਉਣ ਦੀ ਪ੍ਰੇਰਨਾ, ਸੰਗਤ ਵਿਚੋਂ ਮਿਲਦੀ ਹੈ। ਇਸ ਪਥਰਾਇ ਗੁਰ ਵਾਕ ਵੀ ਹੈ :–

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ ।

ਕਾਸ਼ ! ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕ ਗੁਰਦੁਆਰਿਆਂ ਦੇ ਬਾਹਰ ਲਗੇ ਬੋਰਡਾਂ ਉਤੇ ਸੰਗਰਾਂਦ, ਪੂਰਨਮਾਸ਼ੀ, ਮਸਿਆ ਆਦਿ ਦੀਆਂ ਤਾਰੀਖਾਂ ਲਿਖਣ ਦੀ ਥਾਂ ਵੱਖ ਵੱਖ ਗੁਰ ਵਿਅਕਤੀਆਂ

Sri Satguru Jagjit Singh Ji eLibrary NamdhariElibrary@gmail.com

ਦੇ ਆਗਮਨ ਪੁਰਬ, ਗੁਰ ਗਦੀ ਨਸ਼ੀਨੀ ਪੁਰਬ, ਜੋਤੀ ਜੋਤ ਸਮਾਉਣ ਦੇ ਪੁਰਬ ਦੀਆਂ ਤਾਰੀਖਾਂ ਲਿਖਣ ਅਤੇ ਉਨ੍ਹਾਂ ਤਾਰੀਖਾਂ ਨੂੰ ਉਚੇਚਾ ਤੌਰ ਤੇ ਉਸ ਸਬੰਧਤ ਗੁਰੂ ਵਿਅਕਤੀ ਦੀ ਜੀਵਨੀ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਪ੍ਰਚਾਰਨ ਦਾ ਉਪਰਾਲਾ ਕਰਨ। ਸੰਗਰਾਂਦ ਆਦਿ ਦਿਨਾਂ ਉਤੇ ਇਕਠੀਆਂ ਹੋਈਆਂ ਸੰਗਤਾਂ ਨੂੰ ਮਨ ਮਤ ਵਿਚੋਂ ਕਢ ਕੇ ਗੁਰਮਤਿ ਵਲ ਲਿਆਉਣ ਦਾ ਉਪਕਾਰ ਕਰਨ। ਇਸ ਤਰ੍ਹਾਂ ਕਰਨ ਨਾਲ ਹੀ ਸਭ ਦਾ ਭਲਾ ਹੋਵੇਗਾ ।

ਅਖੀਰ ਵਿਚ ਬਾਰਾਂਮਾਹ ਦੇ ਹਰ ਮਹੀਨੇ ਵਿਚੋਂ ਉਸ ਦੀ ਪਹਿਲੀ ਜਾਂ ਆਖਰੀ ਪੰਗਤੀ, ਅਰਥਾਂ ਸਹਿਤ ਲਿਖ ਕੇ ਦਰਸਾਉਣ ਦੀ ਕੋਸਿਸ ਕੀਤੀ ਜਾਂਦੀ ਹੈ ਕਿ ਗੁਰੂ ਪਾਤਸ਼ਾਹ ਹਰ ਮਹੀਨੇ ਵਿੱਚ ਸਾਨੂੰ ਪ੍ਰਭੂ ਦੀ ਅਰਾਧਨਾ ਕਰਨ ਦਾ ਉਪਦੇਸ਼ ਦਿੰਦੇ ਹੋਏ ਨਾਲ ਉਨ੍ਹਾਂ ਦਾ ਫਲ ਵੀ ਦਸਦੇ ਹਨ। ਪਰ ਅਸੀਂ ਕੇਵਲ ਪੜ ਸੁਣ ਕੇ ਹੀ ਕੰਮ ਸਾਰ ਲੈਣਾ ਚਾਹੁੰਦੇ ਹਾਂ ਜੋ ਕਿ ਕਿਸੇ ਤਰ੍ਹਾਂ ਵੀ ਸੰਭਵ ਨਹੀਂ।

1) ਚੇਤਿ, ਗੋਵਿੰਦੁ ਆਰਾਧੀਐ, ਹੋਵੈ ਅਨੰਦੁ ਘਣਾ ॥

ਚੇਤ (ਦੇ ਮਹੀਨੇ) ਵਿਚ ਪ੍ਰਭੂ ਨੂੰ ਸਿਮਰੀਏ (ਹਿਰਦੇ ਵਿੱਚ) ਬਹੁਤ ਹੀ ਆਨੰਦ (ਉਤਪੰਨ) ਹੁੰਦਾ ਹੈ।

2) ਵੈਸਾਖੁ ਸੁਹਾਵਾ ਤਾਂ ਲਗੈ ਜਾਂ ਸੰਤੁ ਭੇਟੈ ਹਰਿ ਸੋਇ॥

ਵੈਸਾਖ (ਦਾ ਮਹੀਨਾ) ਤਾਂ ਹੀ ਸੁਹਾਵਣਾ ਲਗਦਾ ਹੈ ਜਦ ਉਸ ਨੂੰ ਹਰੀ-ਸੰਤ ਮਿਲ ਪੈਂਦਾ ਹੈ।

3) ਹਰੇ, ਜੇਠ ਜੁੜੰਦਾ ਲੋੜੀਐ ,
ਜਿਸੁ ਅਗੈ ਸਭਿ ਨਿਵੰਨਿ ॥

ਜੇਠ (ਦੇ ਮਹੀਨੇ) ਵਿੱਚ (ਉਸ) ਹਰੀ (ਅਕਾਲਪੁਰਖ) ਨਾਲ ਜੁੜਨਾ ਚਾਹੀਦਾ ਹੈ ਜਿਸ ਦੇ ਅਗੇ ਸਾਰੇ ਜੀਵ ਨਮਸਕਾਰ ਕਰਦੇ

Sri Satguru Jagjit Singh Ji eLibrary NamdhariElibrary@gmail.com

4) *ਆਸਾੜੁ ਤਪੰਦਾ ਤਿਸੁ ਲਗੈ*
ਹਰਿ ਨਾਹੁ ਨ ਜਿੰਨਾ ਪਾਸਿ ॥

ਹਾੜ ਦਾ ਮਹੀਨਾ ਉਸ (ਜੀਵ ਇਸਤ੍ਰੀ) ਨੂੰ ਤਪਦਾ ਹੋਇਆ ਲਗਦਾ ਹੈ ਜਿਸ ਕੋਲ ਪ੍ਰਭੂ ਪਤੀ ਨਹੀਂ (ਟਿਕਿਆ ਹੋਇਆ)

5) *ਸਾਵਣਿ, ਸਰਸੀ ਕਾਮਣੀ,*
ਚਰਣ ਕਮਲ ਸਿਉ ਪਿਆਰੁ ॥

ਸਾਵਣ (ਦੇ ਮਹੀਨੇ ਵਿਚ ਉਹ ਜੀਵ ਰੂਪ) ਇਸਤ੍ਰੀ ਹਰੀ ਭਰੀ (ਖਿੜੀ) ਰਹਿੰਦੀ ਹੈ। (ਜਿਸਦੀ ਪ੍ਰਭੂ ਪਤੀ ਦੇ) ਚਰਨ ਕਮਲਾਂ ਨਾਲ ਪਿਆਰ (ਹੁੰਦਾ ਹੈ)

6) *ਭਾਦੁਇ, ਭਰਮਿ ਭੁਲਾਣੀਆ*
ਦੂਜੇ ਲਗਾ ਹੇਤੁ ॥

ਭਾਦੋਂ (ਦੇ ਮਹੀਨੇ) ਵਿਚ (ਜੀਵ ਰੂਪ ਇਸਤ੍ਰੀ) ਭਰਮ ਕਰਕੇ ਭੁਲੀ (ਰਹਿੰਦੀ ਹੈ) (ਕਿਉਂਕਿ ਪ੍ਰਭੂ ਪਤੀ ਨੂੰ ਛੱਡ ਕੇ) ਦੂਜੇ (ਭਾਵ ਮਾਇਆ ਨਾਲ (ਇਸ ਦਾ) ਪਿਆਰ ਲਗਾ ਰਹਿੰਦਾ ਹੈ।

7) *ਅਸੂ, ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ॥*

ਅਸੂ ਦੀ ਮਹੀਨੇ ਵਿਚ (ਉਹ ਜੀਵ ਰੂਪ ਇਸਤ੍ਰੀਆਂ ਹੀ) ਸੁਖੀ ਰਹਿੰਦੀਆਂ ਹਨ ਜਿਨ੍ਹਾਂ ਉਤੇ ਹਰੀ ਰਾਜੇ (ਅਕਾਲ ਪੁਰਖ, ਵਾਹਿਗੁਰੂ ਦੀ) ਦੀ ਮਿਹਰ ਹੁੰਦੀ ਹੈ।

8) *ਕਤਿਕਿ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ॥*

ਕਤਿਕ (ਦੇ ਮਹੀਨੇ) ਵਿਚ,ਸਾਧ (ਪੁਰਖ, ਵਾਹਿਗੁਰੂ) ਦਾ ਸੰਗਿ (ਪ੍ਰਾਪਤ) ਹੋ ਜਾਵੇ ਤਾਂ ਸਾਰੇ ਫਿਕਰ-ਚਿੰਤਾ (ਦੂਖ) ਨਾਸ਼ ਹੋ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

9) ਮੰਘਰਿ ਪ੍ਰਭੁ ਅਰਾਧਣਾ, ਬਹੁੜਿ ਨ ਜਨਮੜੀਆਹ ।।

ਮੱਘਰ (ਦੇ ਮਹੀਨੇ) ਵਿਚ ਜਿਨ੍ਹਾਂ ਨੇ ਪ੍ਰਭੂ ਨੂੰ (ਮਨ ਚਿਤ ਕਰਕੇ) ਆਰਾਧਿਆ (ਸਿਮਰਿਆ) ਹੈ ਉਹ ਮੁੜ ਕੇ ਜਨਮ ਨਹੀਂ ਲੈਂਦੀਆਂ।

10) ਪੋਖੁ ਸੁਹੰਦਾ ਸਰਬ ਸੁਖ, ਜਿਸੁ ਬਖਸੇ ਵੇਪਰਵਾਹੁ।।

ਜਿਸ (ਮਨੁਖ) ਨੂੰ (ਉਹ) ਵੇਪਰਵਾਹ ਪ੍ਰਭੂ ਬਖਸ਼ਿਸ਼ ਕਰ ਦੇਵੇ (ਉਸਨੂੰ) ਸਾਰੇ ਸੁਖ ਪ੍ਰਾਪਤ (ਹੋ ਜਾਂਦੇ ਹਨ ਤੇ ਉਸ ਲਈ) ਪੋਹ (ਦਾ ਮਹੀਨਾ) ਸੁਹਾਵਣਾ (ਬਣ ਜਾਂਦਾ ਹੈ)

11) ਮਾਘਿ ਸੁਚੇ ਸੇ ਕਾਂਢੀਅਹਿ,
ਜਿਨ ਪੂਰਾ ਗੁਰੁਮਿਹਰਵਾਨੁ ।।

ਮਾਘ ਦੇ (ਮਹੀਨੇ) ਵਿਚ (ਕੇਵਲ) ਉਹੀ (ਮਨੁਖ) ਸੁੱਚੇ ਕਹੇ ਜਾਂਦੇ ਹਨ ਜਿਨ੍ਹਾਂ (ਉਤੇ) ਪੂਰਾ ਗੁਰੂ (ਅਕਾਲਪੁਰਖ) ਮਿਹਰਵਾਨ (ਹੁੰਦਾ ਹੈ)

12) ਫਲਗੁਣਿ ਨਿਤਿ ਸਲਾਹੀਐ, ਜਿਸ ਨੋ ਤਿਲੁ ਨ ਤਮਾਇ।।

ਫਗਣ (ਦੇ ਮਹੀਨੇ) ਵਿਚ (ਉਸ ਪ੍ਰਭੂ ਨੂੰ) ਨਿਤ ਹੀ ਸਲਾਹੁਣਾ ਲੋੜੀਂਦਾ ਹੈ ਜਿਸ ਨੂੰ ਰਤਾ ਭਰ (ਕਿਸੇ ਪ੍ਰਕਾਰ ਦਾ ਕੋਈ) ਲਾਲਚ ਨਹੀਂ।

13) ਅਖੀਰ 'ਚ ਗੁਰੂ ਸਾਹਿਬ ਕਹਿੰਦੇ ਹਨ :-

ਜਿਨਿ ਜਿਨਿ ਨਾਮ ਧਿਆਇਆ
ਤਿਨ ਕੇ ਕਾਜ ਸਰੇ ।।

ਭਾਵ ਜਿਸ ਕਿਸੇ ਨੇ ਵੀ (ਪ੍ਰਭੂ ਅਕਾਲਪੁਰਖ) ਦਾ ਨਾਮ ਸਿਮਰਿਆ, ਉਨ੍ਹਾਂ ਦੇ (ਸਾਰੇ) ਕੰਮ ਸੰਵਰ ਗਏ। ਆਦਿ -----

Sri Satguru Jagjit Singh Ji eLibrary NamdhariElibrary@gmail.com

ਮਾਤਾ ਪਿਤਾ

ਅਜ ਕੱਲ੍ਹ ਤੇ ਮਾਤਾ-ਪਿਤਾ ਆਪਣੇ ਧੰਦਿਆਂ ਵਿਚ ਰੁਝੇ ਹਨ, ਉਹ ਆਪਣੀ ਔਲਾਦ ਦਾ ਇਹ ਧਿਆਨ ਤਾਂ ਕਰਦੇ ਹਨ ਕਿ ਉਹ ਅੱਛਾ ਖਾਣ-ਪੀਣ, ਸਿਹਤ ਅੱਛੀ ਹੋਵੇ, ਸੰਸਾਰੀ ਵਿਦਿਆ ਸਿਖਰ ਦੀ ਹੋਵੇ ਤਾਂ ਜੋ ਉਹਨਾਂ ਦੇ ਕਿੱਤੇ ਅੱਛੇ ਹੋਣ, ਵਿਵਾਹਰਕ ਸੰਬੰਧ ਉੱਚੇ ਹੋਣ ਤੇ ਨਾਮਨਾ ਵੱਡਾ ਹੋਵੇ, ਪਰ ਧਾਰਮਕ ਵਿਦਿਆ ਵਲ (ਕੁਝ ਵਿਰਲੇ ਘਰ ਛੱਡ ਕੇ) ਧਿਆਨ ਬਹੁਤ ਘੱਟ ਹੈ।

ਬੱਚਿਆਂ ਨੂੰ ਕੋਸ਼ਿਸ਼ ਕਰ ਕੇ ਕਾਨਵੈਂਟ ਸਕੂਲਾਂ ਵਿਚ ਪਾਇਆ ਜਾਏਗਾ, ਜੇ ਸਿੱਖ ਸਕੂਲ ਨੇੜੇ ਵੀ ਹੋਵੇ ਤਾਂ ਵੀ ਉਸ ਵੱਲ ਤੱਕਣਾ ਪਸੰਦ ਨਹੀ ਕੀਤਾ ਜਾਂਦਾ। ਆਪ ਮਾਤਾ-ਪਿਤਾ ਕਈ ਥਾਂ ਸਿੱਖੀ ਤੋਂ ਜਾਣੂ ਨਹੀ ਪਰ ਜਿਥੇ ਜਾਣੂ ਭੀ ਹਨ, ਉੱਥੇ ਉਹਨਾਂ ਪਾਸ ਇਤਨਾ ਸਮਾਂ ਨਹੀਂ ਜੋ ਬੱਚਿਆਂ ਦੀ ਲੋੜੀਂਦੀ ਧਾਰਮਕ ਦੇਖ ਭਾਲ ਕਰ ਸਕਣ।

ਅੱਜ ਕੱਲ੍ਹ (T.V) ਟੀ.ਵੀ. (V.C.R) ਵੀ.ਸੀ.ਆਰ ਰੇਡੀਓ ਤੇ ਮੈਗਜ਼ੀਨਾਂ ਨੇ, ਕੋਈ ਸਮਾਂ ਕਾਰ ਵਿਹਾਰ ਤੋਂ ਬਚ ਕੇ ਜੋ ਉਹਨਾਂ ਪਾਸ ਹੈ ਸੀ, ਉਹ ਸਭ ਹੜੱਪ ਕਰ ਲਿਆ। ਨਤੀਜਾ ਇਹ ਹੈ ਕਿ ਸਾਡੀ ਪਨੀਰੀ ਧਰਮ ਤੋਂ ਸੱਖਣੀ ਹੁੰਦੀ ਜਾਂਦੀ ਦਿਸਦੀ ਹੈ।

ਇਹ ਅਤੇ ਇਸ ਤੋਂ ਪਹਿਲਾਂ ਤੇ ਅਗੇ ਬਹੁਤ ਕੁਝ ਪੜਨ ਲਈ ਪੜ੍ਹੋ ਡਾ: ਤੇਜਿੰਦਰ ਸਿੰਘ ਜੀ ਦੀ ਲਿਖੀ ਪੁਸਤਕ 'ਅੰਮ੍ਰਿਤ ਵੇਲਾ' ਦੀ 12 ਵੀਂ ਯਾਦਗਾਰੀ ਐਡੀਸ਼ਨ। ਭੇਟਾ 40/-ਰੁ: ਦੀ ਥਾਂ ਕੇਵਲ 25/-ਰੁ: ਡਾਕ ਖਰਚ ਸਮੇਤ ਭੇਜ ਕੇ ਮੰਗਵਾ ਸਕਦੇ ਹੋ। ਪਤਾ ਅੰਦਰਵਾਰ ਦੇਖੋ।

Sri Satguru Jagjit Singh Ji eLibrary NamdhariElibrary@gmail.com

ਇਕ ਸੁਝਾਓ

ਵੈਸੇ ਗੁਰਬਾਣੀ ਦਾ ਪਾਠ ਜਿਤਨਾ ਵੀ ਸਹਿਜ ਨਾਲ ਪੜ੍ਹਿਆ ਸੁਣਿਆ ਜਾਏ ਉਨ੍ਹਾਂ ਹੀ ਲਾਹੇਵੰਦ ਹੁੰਦਾ ਹੈ ਪਰ ਸੰਗਰਾਂਦ ਵਾਲੇ ਦਿਨ 'ਬਾਰਹਮਾਹਾ' ਬਾਣੀ ਦਾ ਪੂਰਾ ਪਾਠ ਕਰਨ ਨਾਲੋਂ ਜੇ ਉਸ ਸੰਬੰਧਤ ਮਹੀਨੇ ਦਾ ਹੀ ਪਾਠ ਕੀਤਾ-ਸੁਣਿਆ ਜਾਏ ਅਤੇ ਵੀਚਾਰਿਆ ਜਾਏ ਕਿ ਗੁਰੂ ਪਾਤਸ਼ਾਹ ਸਾਨੂੰ ਇਸ ਮਹੀਨੇ ਲਈ ਕੀ ਉਪਦੇਸ਼ ਦੇਂਦੇ ਹਨ, ਤਾਂ ਉਹ ਜ਼ਿਆਦਾ ਲਾਭਕਾਰੀ ਸਿੱਧ ਹੋ ਸਕਦਾ ਹੈ।

ਹਾਂ! ਸੰਬੰਧਤ ਮਹੀਨਾ ਪੜਨ ਤੋਂ ਪਹਿਲਾਂ ਇਸ ਬਾਣੀ ਦਾ ਆਰੰਭਕ ਸ਼ਬਦ 'ਕਿਰਤ ਕਰਮ ਕੇ ਵੀਛੜੇ' ਵਾਲਾ ਅਤੇ ਅੰਤਲਾ ਸ਼ਬਦ 'ਜਿਨ ਜਿਨ ਨਾਮ ਧਿਆਇਆ' ਵਾਲਾ ਪੜ੍ਹ ਕੇ ਸਮਾਪਤੀ ਕਰ ਦੇਣ 'ਚ ਕੋਈ ਹਰਜ਼ ਨਹੀਂ। ਇਸ ਤਰ੍ਹਾਂ ਥੁਹੜੇ ਸਮੇ ਵਿਚ ਇਕਾਗਰਤਾ ਤੇ ਰਸ ਬਣਿਆ ਰਹਿ ਸਕਦਾ ਹੈ।

ਪ੍ਰੇਮ ਭੇਟਾ ਯੋਗ

ਵੱਲੋਂ

Sri Satguru Jagjit Singh Ji eLibrary NamdhariElibrary@gmail.com